# ਬਾਬਾ ਰਾਮ ਦੇਵ ਦੀ ਯੋਗ ਸ਼ਕਤੀ ਤੇ ਸਿੱਖ ਵਿਰਾਸਤ

ਗਜਿੰਦਰ ਸਿੰਘ, ਦਲ ਖਾਲਸਾ

ਬਾਬਾ ਰਾਮ ਦੇਵ ਪਿੱਛਲੇ ਦਿਨੀ੍ ਬਹੁਤ ਚਰਚਾ ਵਿੱਚ ਰਿਹਾ ਹੈ । ਇਹ ਅੱਜ ਦਾ ਬਹੁਚਰਚਿੱਤ ਯੋਗਾ ਗੁਰੂ ਬੀਤੇ ਕੁੱਝ ਸਾਲਾਂ ਦੀ ਹੀ ਪੈਦਾਵਾਰ ਹੈ । ਕੁੱਝ ਸਾਲ ਪਹਿਲਾਂ ਤੱਕ ਇੱਕ ਟੀ ਵੀ ਚੈਨਲ ਤੇ ਯੋਗ ਵਿਦਿਆ ਦੀ ਕਲਾਸ ਲੈਣ ਵਾਲਾ, ਅੱਜ ਕਈ ਵੱਡੀਆਂ ਜਾਇਦਾਦਾਂ, ਬ੍ਰਤਾਨੀਆਂ ਵਿੱਚ ਇੱਕ ਟਾਪੂ ਸਮੇਤ, ਦਾ ਮਾਲਕ, ਦਵਾਈਆਂ ਬਣਾਉਣ ਵਾਲੀਆਂ ਕਈ ਫਰਮਾਂ ਦਾ ਮਾਲਕ, ਤੇ ਪਤਾ ਨਹੀਂ ਹੋਰ ਕੀ ਕੀ ਹੈ । ਕੁੱਝ ਸਮਾਂ ਪਹਿਲਾਂ ਇਸ ਦੇ ਯੋਗ ਸਬੰਧੀ ਦਾਅਵਿਆਂ ਦੀ ਪ੍ਰਸਿੱਧੀ ਸਿਆਸੱਤ ਦੇ ਅਖਾੜਿਆਂ ਵਿੱਚ ਵੀ ਹੋਣ ਲੱਗ ਪਈ ਸੀ । ਤੇ ਇਸ ਨੂੰ ਇੰਝ ਲੱਗਣ ਲੱਗ ਪਿਆ ਸੀ, ਕਿ ਇਸ ਦੀ ਲੋਕ ਹਮਾਇਤ ਇੰਨੀ ਵੱਧ ਗਈ ਹੈ, ਕਿ ਇਹ ਹੁਣ ਭਾਰਤ ਦੀ ਸਿਆਸਤ ਨੂੰ ਜਿਹੋ ਜਿਹਾ ਚਾਹੇ ਗੇੜਾ ਦੇ ਸਕਦਾ ਹੈ।

ਇਸੇ ਪ੍ਰਸਿੱਧੀ ਦੇ ਭਰਮ ਵਿੱਚ ਇਸ ਨੇ “ਕਰਪਸ਼ਨ” ਦੇ ਖਿਲਾਫ ਮੁਹਿੰਮ ਛੇੜਨ ਦਾ ਫੈਸਲਾ ਕਰ ਲਿਆ । ਕੁੱਝ ਆਪੂ ਬਣੇ ਸਮਾਜ ਸੇਵਕਾਂ ਤੇ ਹਕੂਮੱਤ ਮੁਖਾਲਫ ਸਿਆਸੀ ਜਮਾਤਾਂ, ਖਾਸ ਕਰ ਹਿੰਦੂਤੱਵ ਦੀਆਂ ਹਾਮੀ ਜਮਾਤਾਂ ਨੇ ਇਸ ਦੀ ਹਮਾਇਤ ਦੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ । ਹਿੰਦੂਵਾਦੀ ਜਮਾਤਾਂ ਨੂੰ ਇਸ ਦੀ ਯੋਗ ਲਹਿਰ ਵਿੱਚੋਂ ਆਪਣੀ ਹੀ ਸ਼ਕਲ ਦਿਖਾਈ ਦਿੰਦੀ ਸੀ, ਇਸ ਲਈ ਉਹਨਾਂ ਦੀ ਹਮਾਇਤ ਮਿਲਣਾ ਕੁਦਰਤੀ ਸੀ । ਆਖਿਰ ਇੱਕ ਦਿਨ ਇਸ ਨੇ ਆਪਣੀ ਤਾਕਤ ਦੇ ਮੁਜ਼ਾਹਰੇ ਦਾ ਫੈਸਲਾ ਕਰ ਲਿਆ, ਤੇ ਦਿੱਲੀ ਵਿੱਚ ਯੋਗ ਕੈਂਪ ਦੇ ਨਾਮ ਹੇਠ ਇਕੱਠ ਕਰ ਕੇ ਸਰਕਾਰ ਦੇ ਵਿਰੁੱਧ ਮੋਰਚਾ ਖੋਲ੍ਹ ਦਿੱਤਾ । ਬਾਬਾ ਰਾਮ ਦੇਵ ਮਰਨ ਵਰਤ ਤੇ ਬੈਠ ਗਿਆ । ਸਰਕਾਰ ਨੇ ਇਸ ਦੇ ਬਥੇਰੇ ਤਰਲੇ ਮਾਰੇ, ਪਰ ਇਸ ਨੂੰ ਲੱਗ ਰਿਹਾ ਸੀ, ਕਿ ਇਸ ਦੇ ਹਾਮੀਆਂ ਦੀ ਤਾਕਤ ਸਰਕਾਰ ਤੋਂ ਵੀ ਵਧੇਰੇ ਹੈ, ਸੋ ਇਹ ਟੱਸ ਤੋਂ ਮੱਸ ਨਾ ਹੋਇਆ । ਮੋਰਚੇ ਦੀ ਦੂਜੀ ਕਿ ਤੀਜੀ ਰਾਤ ਸਰਕਾਰ ਨੇ ਹਕੂਮਤੀ ਤਾਕਤ ਦਾ ਮੁਜ਼ਾਹਰਾ ਕੀਤਾ, ਤੇ ਅੱਧੀ ਰਾਤੀ ਕਾਰਵਾਈ ਕਰ ਕੇ ਇਸ ਦਾ ਯੋਗ ਕੈਂਪ ਦੇ ਨਾਮ ਥੱਲ੍ਹੇ ਲਾਇਆ ਮੋਰਚਾ ਉਖਾੜ ਦਿੱਤਾ । ਖਬਰਾਂ ਮੁਤਾਬਕ ਸਰਕਾਰ ਨੇ ਇਸ ਦੀ ਗ੍ਰਿਫਤਾਰੀ ਲਈ ਲਾਠੀ ਚਾਰਜ ਵੀ ਕੀਤਾ, ਤੇ ਅੱਥਰੂ ਗੈਸ ਦੀ ਵਰਤੋਂ ਵੀ ਕੀਤੀ । ਬਾਬੇ ਹੁਰੀਂ ਸਰਕਾਰੀ ਕਾਰਵਾਈ ਤੋਂ ਬੱਚ ਨਿਕਲਣ ਲਈ ਜਨਾਨੀਆਂ ਵਾਲੇ ਕਪੜੇ ਪਾ ਕੇ ਫਰਾਰ ਹੋਣ ਦੀ ਕੋਸ਼ਿਸ਼ ਕਰਦੇ ਕਾਬੂ ਆ ਗਏ । ਪੁਲਸ ਨੇ ਇਹਨਾਂ ਨੂੰ ਜ਼ਬਰਦਸਤੀ ਜਹਾਜ਼ ਵਿੱਚ ਬਿਠਾ ਕੇ ਹਰਦਵਾਰ ਇਹਨਾਂ ਦੇ ਆਸ਼ਰਮ ਵੱਲ ਭੇਜ ਦਿੱਤਾ, ਤੇ ਇਹਨਾਂ ਦੇ ਦਿੱਲੀ ਮੋਰਚੇ ਦਾ ਭੋਗ ਪਾ ਦਿੱਤਾ ਗਿਆ।

ਬਾਬੇ ਹੁਰਾਂ ਨੇ ਹਰਦਵਾਰ ਪਹੁੰਚ ਕੇ ਆਪਣਾ ਮਰਨ ਵਰਤ ਜਾਰੀ ਰੱਖਣ ਦਾ ਐਲਾਨ ਕੀਤਾ........। ਤੇ ਆਪਣਾ ਮੋਰਚਾ ਦਿੱਲੀ ਤੋਂ ਹਰਦਵਾਰ ਆਪਣੇ ਆਸ਼ਰਮ ਵਿੱਚ ਸ਼ਿਫਟ ਕਰ ਲਿਆ । ਹੁਣ ਬਾਬੇ ਹੁਰੀਂ ਹਰਦਵਾਰ ਤੋਂ ਗਰਜਣ ਲੱਗੇ ........। ਪੰਜ ਛੇ ਦਿਨਾਂ੍ ਬਾਦ ਖਬਰਾਂ ਆਣ ਲੱਗੀਆਂ ਕਿ ਬਾਬੇ ਹੁਰਾਂ ਦੀ ਸੇਹਤ ਵਿਗੜਨ ਲੱਗ ਪਈ ਹੈ । ਡਾਕਟਰੀ ਟੀਮਾਂ ਉਹਨਾਂ ਦੀ ਦੇਖ ਭਾਲ ਲਈ ਤੈਨਾਤ ਹੋ ਗਈਆਂ । ਬਾਬੇ ਹੁਰਾਂ ਦੀ ਚਿੰਤਾ ਸਾਰੇ ਦੇਸ਼ ਨੂੰ ਹੋਣ ਲੱਗੀ । ਤੇ ਸਾਰੇ ਭਾਰਤ ਤੋਂ ਕਈ ਹੋਰ ਵੱਡੇ ਵੱਡੇ ਬਾਬੇ ਉਹਨਾਂ ਨੂੰ ਮਿਲਣ ਪਹੁੰਚਣ ਲੱਗੇ । ਉਹਨਾਂ ਨੂੰ ਸਮਝਾਇਆ ਜਾਣ ਲੱਗਾ ਕਿ ਉਹਨਾਂ ਦੀ ਜਾਨ ਬਹੁਤ ਕੀਮਤੀ ਹੈ । ਸ਼ਾਇਦ ਸੱਤਵਾਂ ਅੱਠਵਾਂ ਦਿਨ ਸੀ, ਜਦੋਂ ਬਾਬੇ ਹੁਰਾਂ ਨੂੰ ਸਮਝ ਆ ਗਈ, ਤੇ

ਉਹਨਾਂ ਨੇ ਇੱਕ ਹੋਰ ਵੱਡੇ ਬਾਬੇ ਦੇ ਹੱਥੋਂ ਜੂਸ ਦਾ ਗਲਾਸ ਪੀ ਕੇ, ਮਰਨ ਵਰਤ ਤੋੜ੍ਹ ਕੇ ਸਾਰੇ ਭਾਰਤ ਉਤੇ ਵੱਡਾ ਅਹਿਸਾਨ ਕਰ ਦਿੱਤਾ ।

ਜਦੋਂ ਮੈਂ ਇਹ ਖਬਰਾਂ ਸੁਣ/ਦੇਖ ਰਿਹਾ ਸਾਂ, ਤਾਂ ਮੈਨੂੰ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਹੁਰਾਂ ਦੇ ਮਰਨ ਵਰਤ ਦੀ ਯਾਦ ਆ ਗਈ । 1969 ਦੀ ਗੱਲ ਹੈ, ਮੈਂ ਉਦੋਂ ਸਿੱਖ ਸਟੂਡੈਂਟ ਫੈਡਰੇਸ਼ਨ, ਚੰਡੀਗੜ੍ਹ ਦਾ ਪ੍ਰਧਾਨ ਹੁੰਦਾ ਸਾਂ, ਤੇ ਸਿਰਦਾਰ ਕਪੂਰ ਸਿੰਘ ਜੀ ਨਾਲ ਵਿਚਾਰਧਾਰਕ ਤੇ ਜਜ਼ਬਾਤੀ ਤੌਰ ਤੇ ਜੁੜਿਆ ਹੋਇਆ ਸਾਂ । ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਫੇਰੂਮਾਨ ਹੁਰਾਂ ਨੂੰ ਲੁਧਿਆਣੇ ਵਿੱਚ ਹੋਏ ਫੈਡਰੇਸ਼ਨ ਦੇ ਇੱਕ ਇਕੱਠ ਵਿੱਚ ਮਿਲਿਆ ਵੀ ਹੋਇਆ ਸਾਂ । ਮੈਂ ਇੱਥੇ ਤਰੀਕਾਂ ਯਾਦ ਕਰਨ ਦੇ ਚੱਕਰ ਵਿੱਚ ਨਾ ਪੈਂਦੇ ਹੋਏ ਗੱਲ ਨੂੰ ਅੱਗੇ ਤੋਰਨਾ ਚਾਹਾਂਗਾ । ਫੇਰੂਮਾਨ ਹੁਰਾਂ ਨੇ ਮਿੱਥੀ ਤਰੀਕ ਤੇ ਮਰਨ ਵਰਤ ਸ਼ੁਰੂ ਕਰ ਦਿੱਤਾ, ਪੁਲਸ ਉਹਨਾ ਨੂੰ ਗ੍ਰਿਫਤਾਰ ਕਰ ਕੇ ਲੈ ਗਈ । ਉਹਨਾਂ ਜੇਲ੍ਹ ਵਿੱਚ ਵੀ ਆਪਣਾ ਮਰਨ ਵਰਤ ਜਾਰੀ ਰਖਿਆ । ਫੇਰੂਮਾਨ ਹੁਰਾਂ ਦੀ ਉਮਰ ਮਰਨ ਵਰਤ ਸ਼ੁਰੂ ਕਰਨ ਵੇਲੇ ਸ਼ਾਇਦ ਅੱਸੀ ਸਾਲ ਸੀ । ਦੱਸ ਦਿਨ੍ਹਾਂ ਬਾਦ ਇਹ ਖਬਰ ਆਈ ਕਿ ਫੇਰੂਮਾਨ ਹੁਰਾਂ ਦੀ ਸਰੀਰਕ ਸ਼ਕਤੀ ਹੁਣ ਖਤਮ ਹੋ ਚੁੱਕੀ ਹੈ, ਉਹ ਜਿੰਨੇ ਦਿਨ ਵੀ ਹੋਰ ਕੱਢਣਗੇ, ਆਪਣੀ ਦ੍ਰਿੜਤਾ ਤੇ ਆਤਮਿੱਕ ਸ਼ਕਤੀ ਦੇ ਸਹਾਰੇ ਹੀ ਕੱਢਣਗੇ । ਅਸੀਂ ਨੌਜਵਾਨ, ਜਿਹੜੇ ਉਹਨਾਂ ਦੀ ਹਮਾਇਤ ਵਿੱਚ ਘਰ ਬਾਰ ਛੱਡੀ ਇਧਰੋਂ ਓਧਰ ਘੁੰਮ ਕੇ ਪ੍ਰਚਾਰ ਕਰ ਰਹੇ ਸਾਂ, ਆਖਰੀ ਘੜੀ ਦੀ ਉਡੀਕ ਕਰਨ ਲੱਗੇ ………..।

ਜੇ ਮੈਂ ਭੁੱਲਦਾ ਨਹੀਂ ਤਾਂ ਚੁਹੱਤਰ (74) ਦਿਨ ਦੀ ਭੁੱਖ ਹੜਤਾਲ ਦੇ ਬਾਦ ਉਹਨਾਂ ਨੇ ਸ਼ਹਾਦਤ ਪਾ ਲਈ, ਤੇ ਕਈ ਪਹਿਲੇ ਲੀਡਰਾਂ ਦੇ ਲਾਏ ਕਲੰਕ ਆਪਣੀ ਜਾਨ ਵਾਰ ਕੇ ਧੋ ਦਿੱਤੇ । ਉਹਨਾਂ ਦਿਨ੍ਹਾਂ ਵਿੱਚ ਪੰਜਾਬ ਵਿੱਚ ਅਕਾਲੀ ਸਰਕਾਰ ਸੀ, ਉਹਨਾਂ ਫੇਰੂਮਾਨ ਹੁਰਾਂ ਨੂੰ ਕਾਂਗਰਸ ਦਾ ਏਜੰਟ, ਪੰਥ ਦਾ ਗੱਦਾਰ, ਤੇ ਕੀ ਕੁੱਝ ਹੋਰ ਨਹੀਂ ਸੀ ਕਿਹਾ । ਮਨਾਉਣ ਤੇ ਡਰਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਸਨ । ਪਰ ਨਾ ਉਹਨਾਂ ਨੂੰ ਕੋਈ ਗਲਤ ਗੱਲ ਲਈ ਮਨਾ ਸਕਿਆ, ਤੇ ਨਾ ਝੁਕਾ ਸਕਿਆ, ਤੇ ਉਹ ਪੂਰੀ ਦ੍ਰਿੜਤਾ ਨਾਲ, ਸ਼ਾਨੋ ਸ਼ੌਕਤ ਨਾਲ ਸ਼ਹੀਦੀ ਦਾ ਰੁਤਬਾ ਹਾਸਿਲ ਕਰ ਕੇ, ਪੰਥ ਲਈ "ਆਪਣਾ ਦੇਸ਼ ਕਾਲ ਘੜਨ, ਤੇ ਸਿੱਖ ਹੋਮਲੈਂਡ" ਕਾਇਮ ਕਰਨ ਦੀ ਵਸੀਅਤ ਕਰ ਕੇ ਕੂਚ ਕਰ ਗਏ । ਉਹਨਾਂ ਦੀ ਸ਼ਹਾਦੱਤ ਬਾਦ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੇ ਇੱਕ ਕਵਿਤਾ ਲਿਖੀ ਸੀ, "ਫੇਰੂਮਾਨ ਦੀ ਅਰਦਾਸ" । ਇਸ ਕਵਿਤਾ ਦੀ ਥੀਮ ਲਾਈਨ ਸੀ,

" ਅੱਜ ਬਹੁੜੀਂ ਕਲਗੀ ਵਾਲਿਆ ਕੋਈ ਦੇਸ਼ ਨਾ ਸਾਡਾ, ਸੁਪਨਾ ਪੁਰੀ ਆਨੰਦ ਦਾ ਬੇਨੂਰ ਦੁਰਾਡਾ"

ਬਾਬਾ ਰਾਮ ਦੇਵ ਦੇ ਮਰਨ ਵਰਤ ਦਾ ਹਸ਼ਰ ਤੇ ਸ਼ਹੀਦ ਫੇਰੂਮਾਨ ਦੇ ਵਰਤ ਦੀ ਆਤਮਿੱਕ ਸਿਖਰ ਦੋਹਾਂ ਵਿਅਕਤੀਆਂ ਪਿੱਛੇ ਖੜ੍ਹੇ, ਉਹਨਾਂ ਦੇ ਰੁਹਾਨੀ ਤੇ ਇੱਤਹਾਸਿਕ ਵਿਰਾਸਤ ਦੇ ਫਰਕ ਨੂੰ ਦਰਸਾਉਂਦੀਆਂ ਹਨ, ਤੇ ਇਸ ਤੋਂ ਵੱਧ ਮੇਰੇ ਕੁੱਝ ਕਹਿਣ ਦੀ ਲੋੜ੍ਹ ਨਹੀਂ ਹੈ ।

ਬਾਬਾ ਰਾਮਦੇਵ ਦੇ ਯੋਗ ਅਭਿਆਸ ਦੀ ਮਹਿਮਾਂ ਅੱਜ ਕੱਲ ਸਾਰੀ ਦੁਨੀਆਂ ਵਿੱਚ ਫੈਲੀ ਹੋਈ ਹੈ । ਬਹੁਤ ਸਾਰੇ ਕਮਜ਼ੋਰ ਸੋਚ ਦੇ ਧਾਰਨੀ ਸਿੱਖ ਵੀ ਉਸ ਦੇ ਗੁਣ ਗਾਉਂਦੇ ਨਹੀਂ ਥੱਕਦੇ । ਤੇ ਸੁਣਿਆਂ ਹੈ, ਉਸ ਨੂੰ ਬੜੀਆਂ ਬੜੀਆਂ ਵੱਡੀਆਂ ਰਾਸ਼ੀਆਂ ਦਾਨ ਵਜੋਂ ਦਿੰਦੇ ਰਹੇ ਹਨ । ਇਸ ਚਾਲ੍ਹੀ ਕੁ ਸਾਲ ਦੇ ਨੌਜਵਾਨ ਬਾਬੇ ਦਾ ਯੋਗ ਅਭਿਆਸ ਰਾਹੀ ਕਮਾਇਆ ਸਰੀਰ, ਜੇ ਸੱਤ ਦਿਨ ਭੁੱਖ ਨਹੀਂ ਬਰਦਾਸ਼ਤ ਕਰ ਸਕਿਆ ਤਾਂ ਸੋਚਣ ਵਾਲੀਆਂ ਗੱਲਾਂ ਤਾਂ ਕਈ ਬਣਦੀਆਂ ਹਨ । ਮੈਂ ਇਹ ਲਫ਼ਜ਼ ਇੱਕ ਵਿਆਕਤੀ ਤੇ ਵਿਅਕਤੀ ਦੇ ਵਿਰਾਸਤੀ ਪਿਛੋਕੜ ਨੂੰ ਨੀਵਾਂ ਦਿਖਾਣ ਲਈ ਨਹੀਂ ਲਿੱਖ ਰਿਹਾ, ਪਰ ਹਾਂ

ਆਪਣੀ ਅੱਜ ਦੀ ਪੀੜ੍ਹੀ ਨੂੰ ਉਸ ਦੀ ਆਤਮਿੱਕ ਤੇ ਵਿਰਾਸਤੀ ਉੱਚਤਾ ਦਾ ਅਹਿਸਾਸ ਜ਼ਰੂਰ ਕਰਵਾਣਾ ਚਾਹ ਰਿਹਾ ਹਾਂ।
ਮੇਰਾ ਯੋਗ ਅਭਿਆਸ ਦੀ ਵਿਧੀ ਨਾਲ ਵੀ ਕੋਈ ਵਿਰੋਧ ਨਹੀਂ ਹੈ। ਮੈਂ ਇਸ ਨੂੰ ਹੋਰ ਕਈ ਸਰੀਰਕ ਕਸਰਤਾਂ ਵਾਂਗ ਇੱਕ ਵਧੀਆ ਕਸਰਤ ਮੰਨਦਾ ਹਾਂ। ਆਯੁਰਵੇਦਿਕ ਦਵਾਈਆਂ ਵੀ, ਇੱਕ ਪੁਰਾਤਨ ਦੇਸੀ ਦਵਾਈਆਂ ਦਾ ਤਰੀਕਾਕਾਰ ਹੈ। ਤੇ ਹਰ ਵਿਧੀ ਆਪਣੀ ਆਪਣੀ ਥਾਂ ਤੇ ਮਹਤੱਵਪੂਰਣ ਹੈ। ਮੇਰਾ ਬਾਬੇ ਹੁਰਾਂ ਨਾਲ ਕੋਈ ਸਿਆਸੀ ਵਿਰੋਧ ਤੇ ਹਕੂਮੱਤ ਪ੍ਰਤੀ ਕੋਈ ਹਮਦਰਦੀ ਵੀ ਨਹੀਂ। ਪਰ ਬਾਬੇ ਹੁਰਾਂ ਦੀ ਸਿਆਸੀ ਸੂਝ ਤੇ ਦਿਮਾਗੀ ਹਾਲਤ ਦੇਖੋ, ਉਹਨਾਂ ਨੇ ਉਸ ਰਾਤ ਦੀ ਸਰਕਾਰੀ ਕਾਰਵਾਈ ਨੂੰ, ਜਿਸ ਵਿੱਚ ਕੋਈ ਮਰਿਆ ਨਹੀਂ, ਕੇਵਲ ਕੁੱਝ ਲੋਕ ਮਾਮੂਲੀ ਜ਼ਖਮੀ ਹੋਏ, “ਜਲਿਆਂਵਾਲਾ ਕਾਂਢ” ਤੋਂ ਵੀ ਵੱਢਾ ਇੱਕ ਕਾਂਢ ਕਹਿ ਦਿੱਤਾ। ਤੇ ਹੋਰ ਵੀ ਬੜਾ ਕੁੱਝ ਕਿਹਾ।
ਕੈਸੀ ਹੈਰਾਨੀ ਦੀ ਗੱਲ ਹੈ ਕਿ ਇਹਨਾ “ਦੇਸ਼ ਭਗਤਾਂ” ਨੂੰ ਦਰਬਾਰ ਸਾਹਿਬ ਤੇ ਕੀਤਾ ਗਿਆ ਫੋਜੀ ਹਮਲਾ ਤੇ ਸਿੱਖਾਂ ਉਤੇ ਢਾਹਿਆ ਗਿਆ ਸਰਕਾਰੀ ਜੱਬਰ ਕਿਤੇ ਨਜ਼ਰ ਹੀ ਨਹੀਂ ਆਉਂਦਾ। ਬਾਬਾ ਰਾਮ ਦੇਵ ਦੇ ਹਮਾਇਤੀ ਉਹ ਲੋਕ ਹਨ ਜਿਹੜੇ 1984 ਦੇ ਦਰਬਾਰ ਸਾਹਿਬ ਦੇ ਹਮਲੇ ਦੀ ਖ਼ੁਸ਼ੀ ਵਿੱਚ ਲੱਡੂ ਵੰਡਦੇ ਰਹੇ ਹਨ।

ਦੁੱਖ ਆਉਂਦਾ ਹੈ ਉਹਨਾਂ ਲੋਕਾਂ ਤੇ ਜਿਹੜੇ ਆਪਣੀ ਅਮੀਰ ਵਿਰਾਸਤ ਨੂੰ ਭੁੱਲ ਕੇ ਇਹੋ ਜਿਹੇ ਬਾਬਿਆਂ ਮਗਰ ਲੱਗੇ ਫਿਰਦੇ ਨੇ।

ਤੇ ਉਹਨਾਂ ਤੇ ਵੀ ਜਿਹੜੇ ਦਰਬਾਰ ਸਾਹਿਬ ਤੇ ਹਮਲੇ ਵੇਲੇ ਲੱਡੂ ਵੰਡਣ ਵਾਲਿਆਂ ਨਾਲ ਪੱਕੀਆਂ ਗਲਵੱਕੜੀਆਂ ਪਾਈ ਫਿਰਦੇ ਨੇ।

ਦੁੱਖ ਆਉਂਦਾ ਹੈ ਉਹਨਾਂ ਤੇ ਜਿਹੜੇ ਸੰਤ ਭਿੰਡਰਾਂਵਾਲਿਆਂ ਦੇ ਵਾਰਿਸ ਤੇ ਸਾਥੀ ਅੱਖਵਾਉਂਦੇ ਨੇ ਤੇ ਭਾਈਵਾਲੀ ਪਾਈ ਫਿਰਦੇ ਨੇ ਉਹਨਾਂ ਦੇ ਕਾਤਿਲਾਂ ਦੇ ਭਾਈਵਾਲਾਂ ਨਾਲ।

ਦੁੱਖ ਆਉਂਦਾ ਹੈ, ਬਹੁਤ ਦੁੱਖ ਆਉਂਦਾ ਹੈ ……………।
ਇਸ ਤੋਂ ਵੱਧ ਕੀ ਕਹਾਂ………
ਅੱਜ ਬਹੁੜੀਂ ਕਲਗੀ ਵਾਲਿਆ ……………।

………………………………………………………………………………

gajinder5singh@yahoo.com

**10/7/2011**